**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ ਕੁੱਸਾ**



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਰੂਹ ਲੈ ਗਿਆ ਦਿਲਾਂ ਦਾ ਜਾਨੀ



ਲਾਲ ਸਿੰਘ ਅਤੇ ਜੀਤ ਕੌਰ ਖ਼ੁਸ਼ ਸਨ। ਪਰ ਉਹਨਾਂ ਦੀ ਖ਼ੁਸ਼ੀ ਬਹੁਤਾ ਚਿਰ ਨਾ ਰਹੀ। ਮੂੰਹ ਫ਼ੱਟ ਅਤੇ ਅੱਖੜ ਨੂੰਹ ਉਹਨਾਂ ਨੂੰ ਮੂੰਹ ਨਾ ਬੋਲਦੀ। ਅੱਗਿਓਂ ਜੀਤ ਕੌਰ ਵੀ ਆਢਾ ਲਾ ਲੈਂਦੀ। ਪਰ ਲਾਲ ਸਿੰਘ ਸਹੁਰਾ ਹੋਣ ਕਰਕੇ ਚੁੱਪ ਵੱਟ ਲੈਂਦਾ। ਪਰ ਜਿੰਨੀ ਲਾਲ ਸਿੰਘ ਚੁੱਪ ਵੱਟਦਾ, ਓਨੀਂ ਹੀ ਨੂੰਹ ਅੜਬ ਬੋਤੇ ਵਾਂਗ ਉਤੇ ਨੂੰ ਆਉਂਦੀ। ਘਰ ਦੀ ਲੜਾਈ ਟਾਲਣ ਲਈ ਲਾਲ ਸਿੰਘ ਨੇ ਜੀਤ ਕੌਰ ਨੂੰ ਮਹੀਨੇ ਕੁ ਵਾਸਤੇ ਇੰਡੀਆ ਨੂੰ ਤੋਰ ਦਿੱਤਾ। ਜੀਤ ਕੌਰ ਦੇ ਇੰਡੀਆ ਜਾਣ ਤੋਂ ਬਾਅਦ ਲਾਲ ਸਿੰਘ ਨੇ ਸੋਚਿਆ ਕਿ ਹੁਣ ਘਰ ਵਿਚ ਸ਼ਾਂਤੀ ਰਹੇਗੀ। ਉਹ ਸੋਚਦਾ ਸੀ ਕਿ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਔਰਤ ਹੀ ਹੈ ।

## ਕਾਂਡ-21

-"ਹੁਣ ਹੋਰ ਦੇਖ ਨਵੀ..! ਗੱਲ ਬੰਦੇ ਦੀ ਲਿਵ ਦੀ ਜਾਂ ਬਿਰਤੀ ਦੀ ਕਰਦੈਂ..! ਜਾਂ ਸੌਂਕ ਦੀ ਕਰਦੈਂ..! ਜਾਂ ਇਹਨੂੰ ਰੂਹਾਨੀ ਆਨੰਦ ਦੀ ਗੱਲ ਸਮਝ ਲੈ..! ਇਕ ਗੁਰੂ ਦਾ ਸਿੱਖ ਚੌਂਕੜਾ ਮਾਰ ਕੇ ਅੰਤਰ ਧਿਆਨ ਹੋ ਕੇ ਪਾਠ ਕਰ ਰਿਹੈ..! ਉਹਦੀ ਬਿਰਤੀ ਰੱਬ ਨਾਲ਼ ਇਕ ਮਿੱਕ ਐ..! ਉਹ ਪੂਰਾ ਆਨੰਦ ਵਿਚ ਹੈ..! ਉਹਨੂੰ ਦੇਖ ਕੇ ਲੋਕ ਵੀ ਆਪਣੇ ਅੰਦਰ ਆਨੰਦ ਮਹਿਸੂਸ ਕਰਦੇ ਨੇ ਤੇ ਝੁਕ ਕੇ ਸਤਿਕਾਰ ਵੀ ਦਿੰਦੇ ਨੇ..! ਇਕ ਠਰਕੀ ਬੰਦਾ ਮੁੱਛਾਂ ਨੂੰ ਅਤਰ ਫੁਲੇਲ ਲਾ ਕੇ ਤੇ ਅੱਖਾਂ 'ਚ ਸੁਰਮਾਂ ਪਾ ਕੇ ਮੋੜ 'ਤੇ ਖੜ੍ਹਾ ਕੁੜੀਆਂ ਕੱਤਰੀਆਂ ਦਾ ਝਾਕਾ ਲੈ ਰਿਹੈ..! ਉਹਦੀ ਆਪਦੀ ਬਿਰਤੀ ਲੱਗੀ ਐ..! ਉਹ ਦਿਲੋਂ ਖ਼ੁਸ਼ ਐ, ਪਰ ਲੋਕ ਉਸ ਦੀ ਕਰਤੂਤ ਨੂੰ ਚੰਗਾ ਨਹੀਂ ਸਮਝਦੇ..! ਕਦੇ ਕਦੇ ਇਹੋ ਜਿਆਂ 'ਤੇ ਛਿੱਤਰ ਵੀ ਵਰ੍ਹਨ ਲੱਗ ਜਾਂਦੈ..! ਕੋਈ ਬਲੀ ਯੋਧਾ ਮੈਦਾਨਿ-ਜੰਗ ਵਿਚ ਆਪਣੇ ਹੱਕਾਂ ਦੀ ਪੂਰਤੀ ਲਈ, ਆਪਣੇ ਲੋਕਾਂ ਲਈ ਜਾਂ ਆਪਣੀ ਕੌਮ ਲਈ ਲੜਦੈ, ਉਹਨੂੰ ਆਤਮਿਕ ਤੌਰ 'ਤੇ ਆਨੰਦ ਐ ਕਿ ਉਹ ਕਿਸੇ ਮਕਸਦ ਲਈ ਲੜ ਰਿਹੈ..! ਤੇ ਲੋਕ ਮਰਨ ਪਿੱਛੋਂ ਵੀ ਉਸ ਨੂੰ ਸ਼ਹੀਦ ਜਾਂ ਸੂਰਮਾਂ ਕਰ ਕੇ ਯਾਦ ਕਰਦੇ ਐ ਤੇ ਮਾਣ ਦਿੰਦੇ ਐ..! ਕੋਈ ਲਾਹਣ ਪੀ ਕੇ ਰੂੜੀ 'ਤੇ ਡਿੱਗਿਆ ਪਿਐ, ਕੁੱਤੇ ਉਹਦੇ ਮੂੰਹ 'ਤੇ ਲੱਤ ਚੁੱਕ ਕੇ ਧਾਰਾਂ ਮਾਰੀ ਜਾਂਦੇ ਐ..! ਉਹਦੀ ਬਿਰਤੀ ਆਪਦੀ ਥਾਂ ਲੱਗੀ ਹੋਈ ਐ...! ਦੀਨ-ਦੁਨੀਆਂ ਤੋਂ ਬੇਖ਼ਬਰ, ਅੰਦਰੋਂ ਉਹ ਵੀ ਖ਼ੁਸ਼ ਐ, ਪਰ ਲੋਕ ਉਸ ਨੂੰ ਦੁਰਕਾਰਦੇ ਐ..! ਉਸ ਦੀ ਆਦਤ ਨੂੰ ਮਾੜਾ ਕਹਿੰਦੇ ਐ..! ਸੂਰ ਗੰਦ ਵਿਚ ਹੀ ਮੂੰਹ ਮਾਰ ਕੇ ਖ਼ੁਸ਼ ਐ..! ਕਾਮ ਬਿਰਤੀ ਬੁਰੀ ਨਹੀਂ..! ਇਹ ਬੰਦੇ ਦੀ ਰੂਹ ਦੀ ਖ਼ੁਰਾਕ ਐ..! ਇਹਦੇ ਨਾਲ਼ ਆਤਮਾਂ ਹਲਕੀ ਹੁੰਦੀ ਐ ਤੇ ਮਾਨਸਿਕ ਸ਼ਕਤੀ ਮਜਬੂਤ ਹੁੰਦੀ ਐ..! ਪਰ ਇਸ ਦੇ ਵੀ ਕੁਦਰਤ ਨੇ ਢੰਗ ਬਣਾਏ ਐ..! ਰੱਬ ਨੇ ਔਰਤ ਅਤੇ ਮਰਦ ਦਾ ਸੁਮੇਲ ਲਿਖਿਐ..! ਔਰਤ ਆਦਮੀ ਸੰਭੋਗ ਕਰਦੇ ਐ ਤਾਂ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਐ..! ਤੇ ਜੇ ਮਰਦ ਨਾਲ਼ ਮਰਦ ਸੰਭੋਗ ਕਰੇ ਤਾਂ ਬੰਦਾ ਕੁਦਰਤ ਦਾ ਸ਼ਰੀਕ ਬਣਦੈ ਅਤੇ ਰੱਬ ਦੇ ਨਿਯਮ ਦੇ ਖ਼ਿਲਾਫ਼ ਤੁਰਦੈ..! ਤੇ ਕੁਦਰਤ ਦਾ ਜਿਹੜਾ ਸ਼ਰੀਕ ਬਣਦੈ, ਕੁਦਰਤ ਨੇ ਤਾਂ ਉਸ ਨੂੰ ਕੀ ਬਖ਼ਸ਼ਣਾ ਸੀ ਨਵੀ ਸਿਆਂ..? ਦੁਨੀਆਂ ਵੀ ਉਸ ਨੂੰ ਕਦੇ ਨਹੀਂ ਮੁਆਫ਼ ਕਰਦੀ..! ਕਦੇ ਭਗਤਾਂ ਜਾਂ ਗੁਰੂਆਂ ਦੀਆਂ ਫ਼ੋਟੋ ਦੇਖੀਏ ਤਾਂ ਆਪਾਂ ਨੂੰ ਕਿਤੇ ਨਾ ਕਿਤੇ ਫੁੱਲ ਨਜ਼ਰ ਜ਼ਰੂਰ ਆਉਣਗੇ..! ਕਿਉਂ..? ਕਿਉਂਕਿ ਫੁੱਲਾਂ ਵਿਚ ਸੁਗੰਧੀ ਐ, ਕੋਮਲਤਾ ਐ, ਕੁਦਰਤੀ ਸੁਹੱ-ਪਣ ਐ ਤੇ ਸੁਹੱਪਣ ਕੁਦਰਤ ਦੀ ਦੇਣ ਐਂ..! ਇਸੇ ਲਈ ਫੁੱਲ ਪਵਿੱਤਰ ਮੰਨੇ ਜਾਂਦੇ ਐ..! ਫ਼ਿਰ ਅਸੀਂ ਕੁਦਰਤ ਦੇ ਕਾਨੂੰਨ ਦੇ ਖ਼ਿਲਾਫ਼ ਜਾ ਕੇ ਕੁਦਰਤ ਦਾ ਪ੍ਰੇਮ ਥੋੜ੍ਹੋ ਜਿੱਤ ਸਕਾਂਗੇ..?"

ਨਵੀ ਨਿਰੁੱਤਰ ਹੋ ਗਿਆ। ਕਾਮਰੇਡ ਦੀਆਂ ਦਲੀਲਾਂ ਦੇ ਤਰਕ-ਬਾਣ ਉਸ ਦੇ ਦਿਮਾਗ 'ਤੇ ਹੀ ਤਾਂ ਜਾ ਵੱਜੇ ਸਨ!

ਕਾਮਰੇਡ ਦੇ ਦਿੱਤੇ ਪ੍ਰਮਾਣ ਉਸ ਦੇ ਅਸਲ ਖਾਨੇਂ ਪੈ ਗਏ ਸਨ।

-"ਇਕ ਗੱਲ ਦੱਸ ਨਵੀ..?"

-"ਕਦੇ ਕਿਸੇ ਕੁੜੀ ਨਾਲ਼ ਹਮਬਿਸਤਰ ਹੋਇਐਂ..?"

ਨਵੀ ਸ਼ਰਮ ਨਾਲ਼ ਲਾਲ ਰੱਤਾ ਹੋ ਗਿਆ।

-"ਸ਼ਰਮ ਨਾ ਮੰਨ..! ਆਪਾਂ ਡਾਕਟਰ ਕੋਲ਼ ਸ਼ਰਮ ਮੰਨੀ ਜਾਈਏ ਤਾਂ ਕਦੇ ਰਾਜ਼ੀ ਨਹੀਂ ਹੋ ਸਕਦੇ..! ਤੇਰੀ ਮੇਰੀ ਗੱਲ ਕਿਸੇ ਤੀਜੇ ਕੋਲ਼ ਨਹੀਂ ਜਾਊਗੀ..! ਇਹ ਮੇਰਾ ਤੇਰੇ ਨਾਲ਼ ਵਾਅਦਾ ਹੈ..! ਇਹ ਦੱਸ ਕਿ ਕਦੇ ਕਿਸੇ ਕੁੜੀ ਦਾ ਆਨੰਦ ਮਾਣਿਐਂ..?"

-"ਨਹੀਂ ਜੀ..! ਨੈਵਰ..!"

-"ਫ਼ੇਰ ਤੂੰ ਕਿਵੇਂ ਆਖ ਸਕਦੈਂ ਕਿ 'ਗੇਅ' ਹੋਣ ਵਿਚ ਆਨੰਦ ਹੈ ਤੇ 'ਸਟਰੇਟ' ਵਿਚ ਨਹੀਂ..? ਕਿਉਂਕਿ ਖ਼ੂਹ ਵਾਲ਼ੇ ਡੱਡੂ ਵਾਂਗ ਤੈਨੂੰ ਕੁੜੀ ਦੇ ਸਰੀਰਕ ਆਨੰਦ ਬਾਰੇ ਗਿਆਨ ਹੀ ਕੋਈ ਨਹੀਂ..! ਹੈ ਕਿ ਨਹੀਂ..? ਕੁੜੀਆਂ ਕੋਲ਼ ਜਾਣ ਵਿਚ ਤੇਰੀ ਝਿਜਕ ਹੋਵੇਗੀ..? ਜਾਂ ਸ਼ਰਮਾਉਂਦਾ ਹੋਵੇਂਗਾ..?"

ਨਵੀ ਨੇ 'ਹਾਂ' ਵਿਚ ਸਿਰ ਮਾਰ ਦਿੱਤਾ।

-"ਤੇ ਕਿਸੇ ਖ਼ੁਦਗਰਜ਼ ਗੇਅ ਮੁੰਡੇ ਨੇ ਤੈਨੂੰ ਇਸ ਪਾਸੇ ਵੱਲ ਪ੍ਰੇਰ ਲਿਆ..?"

-"ਹਾਂ ਜੀ..!"

-"ਹੁਣ ਤੂੰ ਇਉਂ ਕਰ..! ਅੱਜ ਤੈਨੂੰ ਕਿਸੇ ਔਰਤ ਦੇ ਸਾਥ ਦਾ ਮਜ਼ਾ ਦਿਖਾਉਨੇ ਐਂ..! ਤਜ਼ਰਬਾ ਕਰ ਕੇ ਦੇਖ ਲੈ..! ਅਗਰ ਤੈਨੂੰ ਔਰਤ ਦਾ ਤਜ਼ਰਬਾ ਚੰਗਾ ਨਾ ਲੱਗੇ, ਬੇਸ਼ੱਕ ਗੇਅ ਵਾਲ਼ੇ ਰਸਤੇ 'ਤੇ ਈ ਫ਼ਿਰ ਤੁਰ ਪਵੀਂ..! ਘੱਟੋ ਘੱਟ ਮੇਰੇ ਵੱਲੋਂ ਤੈਨੂੰ ਖੁੱਲ੍ਹੀ ਛੁੱਟੀ ਹੋਊਗੀ..!" ਕਾਮਰੇਡ ਨੇ ਮੋਨੀਕਾ ਨੂੰ ਹਾਕ ਮਾਰੀ।

ਮੋਨੀਕਾ ਇਕ ਆਗਿਆਕਾਰ ਵਿਦਿਆਰਥੀ ਵਾਂਗ ਹਾਜ਼ਰ ਸੀ!

ਕਾਮਰੇਡ ਮੋਨੀਕਾ ਨੂੰ ਕਿਚਨ ਵਿਚ ਲੈ ਗਿਆ ਅਤੇ ਸਾਰਾ ਬ੍ਰਿਤਾਂਤ ਦੱਸਿਆ ਅਤੇ ਆਪਣੀ ਖ਼ਾਹਿਸ਼ ਦੱਸੀ। ਕਾਮਰੇਡ ਦੀ ਗੱਲ ਸੁਣ ਕੇ ਮੋਨੀਕਾ ਸਤੰਭ ਰਹਿ ਗਈ ! ਉਸ ਨੇ ਕੌੜ ਮੱਝ ਵਾਂਗ ਕਾਮਰੇਡ ਦੀ ਗੱਲ ਨੂੰ ਲੱਤ ਮਾਰੀ। ਪਰ ਕਾਮਰੇਡ ਦੀਆਂ ਦਲੀਲਾਂ ਅਤੇ ਆਪਣੇ ਵੱਲੋਂ ਦਿੱਤੇ ਵਿਸ਼ਵਾਸ ਨੇ ਉਸ ਨੂੰ ਥਾਂ ਸਿਰ ਲੈ ਆਂਦਾ ਅਤੇ ਉਹ ਨਵੀ ਦੀ ਬਾਂਹ ਫੜ ਕੇ ਉਪਰ ਕਮਰੇ ਵਿਚ ਲੈ ਗਈ।

ਘੰਟੇ ਕੁ ਬਾਅਦ ਜਦ ਮੋਨੀਕਾ ਅਤੇ ਨਵੀ ਥੱਲੇ ਉੱਤਰੇ ਤਾਂ ਨਵੀ ਦਾ ਚਿਹਰਾ ਤਰੇਲ਼ ਧੋਤੇ ਫੁੱਲ ਵਾਂਗ ਤਾਜ਼ਾ-ਤਾਜ਼ਾ ਸੀ!

ਕਾਮਰੇਡ ਨੇ ਜ਼ਾਹਿਰਾ ਤੌਰ 'ਤੇ ਉਸ ਦੇ ਮਨ ਅਤੇ ਚਿਹਰੇ ਦਾ ਬਦਲਾਅ ਤੱਕਿਆ।

-"ਕਾਮਰੇਡ..! ਨਵੀ ਹੁਣ ਸਟਰੇਟ ਐ..!" ਮੋਨੀਕਾ ਨੇ ਕਿਹਾ। ਕਾਮਰੇਡ ਦੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਰਹੀ ਅਤੇ ਉਸ ਨੇ ਸ਼ੁਕਰਾਨੇਂ ਵਜੋਂ ਮੋਨੀਕਾ ਨੂੰ ਗਲਵਕੜੀ ਪਾ ਲਈ। ਉਸ ਦੀਆਂ ਅੱਖਾਂ ਵਿਚ ਮਾਣ ਦੇ ਹੰਝੂ ਸਨ।

ਨਵੀ ਅਤੇ ਕਾਮਰੇਡ ਪੱਬ ਵੱਲ ਨੂੰ ਤੁਰ ਪਏ।

-"ਲੈ ਬਈ ਭਾਨ ਸਿਆਂ..! ਚਾਹੇ ਕਾਮਰੇਡ ਰੱਬ ਨੂੰ ਨਹੀਂ ਮੰਨਦੇ..! ਪਰ ਤੇਰੇ ਰੱਬ ਦਾ ਨਾਂ ਲੈ ਕੇ ਕੱਢ ਦਿੱਤੀ ਐ ਤੇਰੀ ਖੁੱਭੀ..! ਬਣਾਤਾ ਮੁੰਡੇ ਨੂੰ ਤੋਤਾ..! ਹੁਣ ਚਾਹੇ ਇਹਨੂੰ ਕੱਲ੍ਹ ਨੂੰ ਵਿਆਹ ਲੈ..!" ਕਾਮਰੇਡ ਨੇ ਭਾਨ ਸਿੰਘ ਨੂੰ ਜੇਤੂ ਅੰਦਾਜ਼ ਵਿਚ ਆਖਿਆ।

-"ਬੱਲੇ...!" ਸਾਹਮਣੇਂ ਪਿਆ ਪੈੱਗ ਭਾਨ ਸਿੰਘ ਨੇ 'ਗਰਰ' ਕਰਕੇ ਅੰਦਰ ਸੁੱਟਿਆ ਅਤੇ ਕਾਮਰੇਡ ਨੂੰ ਜੱਫ਼ੀ ਪਾ ਲਈ। ਉਹ ਧੰਨਵਾਦ ਵਜੋਂ ਕਾਮਰੇਡ ਸਾਹਮਣੇ ਲਿਫ਼ਿਆ ਖੜ੍ਹਾ ਸੀ।

-"ਜੋ ਕੁਛ ਵੀ ਮੈਂ ਕੀਤਾ ਡੈਡ..! ਉਹਦੇ ਲਈ ਮੈਂ ਤੁਹਾਡੇ ਤੋਂ ਮੁਆਫ਼ੀ ਮੰਗਦੈਂ..! ਆਈ ਐੱਮ ਰੀਅਲੀ ਸੌਰੀ..!"

-"ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰੇ ਆ ਜਾਵੇ - ਇਹਦੇ ਨਾਲ਼ ਦੀ ਰੀਸ ਨ੍ਹੀ ਹੁੰਦੀ ਸ਼ੇਰ ਬੱਗਿਆ..!" ਉਸ ਨੇ ਨਵੀ ਨੂੰ ਵੀ ਆਪਣੇ ਨਾਲ਼ ਘੁੱਟ ਲਿਆ।

-"ਕੀ ਬੂਟੀ ਸੁੰਘਾਈ ਇਹਨੂੰ..?" ਭਾਨ ਸਿੰਘ ਨੇ ਕਾਮਰੇਡ ਵੱਲ ਮੂੰਹ ਕੀਤਾ।

-"ਕਦੇ ਰਾਜ਼ੀ ਹੋ ਕੇ ਡਾਕਟਰ ਨੂੰ ਪੁੱਛਣ ਗਿਐਂ ਬਈ ਮੈਨੂੰ ਕਿਹੜੀ ਦੁਆਈ ਦਿੱਤੀ ਸੀ..?"

-"ਤੇਰੀਆਂ ਕਾਮਰੇਡੀ ਗੱਲਾਂ ਮੇਰੇ ਵਿਤੋਂ ਬਾਹਰ ਐ..!" ਭਾਨ ਸਿੰਘ ਖ਼ੁਸ਼ੀ ਵਿਚ ਆਫ਼ਰਿਆ ਪਿਆ ਸੀ।

-"ਤੇਰਾ ਕੰਮ ਹੋ ਗਿਆ ਭਾਨ ਸਿਆਂ..! ਹੁਣ ਮੁੰਡੇ ਨੂੰ ਵਿਆਹ..! ਤੂੰ ਅੰਬ ਖਾ..! ਦਰੱਖ਼ਤ ਗਿਣਨ 'ਤੇ ਸਮਾਂ ਨਾ ਬਰਬਾਦ ਕਰ..!"

-"ਕਿਉਂ ਪੁੱਤਰਾ..? ਵਿਆਹ ਨੂੰ ਤਿਆਰ ਐਂ..?"

-"..........।" ਨਵੀ ਨੇ ਸੰਗ ਕੇ ਨੀਵੀਂ ਪਾ ਲਈ।

-"ਜਦੋਂ ਤੈਨੂੰ ਮੈਂ ਕਹਿੰਨੈਂ ਭਾਨ ਸਿਆਂ..! ਤੂੰ ਮੁੰਡੇ ਲਈ ਕੁੜੀ ਲੱਭ..! ਮੁੰਡਾ ਤਿਆਰ ਐ..! ਹੁਣ ਤੈਨੂੰ ਇਹਦੇ ਹੁੰਗਾਰੇ ਦੀ ਲੋੜ ਈ ਕੋਈ ਨ੍ਹੀ..! ਹੁਣ ਤਾਂ ਤੂੰ ਇਹਦੀ ਬੱਦਲ਼ਵਾਈ ਦੇਖੀਂ...!"

ਉਹ ਪੱਬ ਵਿਚੋਂ ਬਾਹਰ ਨਿਕਲ਼ ਆਏ।

ਖ਼ੁਸ਼ੀ ਵਿਚ ਭਾਨ ਸਿੰਘ ਦਾ ਪੈਰ ਧਰਤੀ 'ਤੇ ਨਹੀਂ ਲੱਗਦਾ ਸੀ! ਪਰ ਭਾਨ ਸਿੰਘ ਨੂੰ ਇਹ ਪਤਾ ਨਹੀਂ ਸੀ ਕਿ ਕਾਮਰੇਡ ਨੇ ਮੁੰਡੇ ਨੂੰ ਸਿੱਧੀ ਲੀਹ 'ਤੇ ਕਿਸ ਮੰਤਰ ਨਾਲ਼ ਲਿਆਂਦਾ ਸੀ। ਉਸ ਦਾ ਕੰਮ ਹੋ ਗਿਆ ਸੀ। ਇਸ ਦੀ ਉਸ ਨੂੰ ਤਸੱਲੀ ਸੀ। ਮੋਨੀਕਾ ਦੇ ਸਹਿਯੋਗ ਬਾਰੇ ਵੀ ਉਸ ਨੂੰ ਕੱਖ ਪਤਾ ਨਹੀਂ ਸੀ। ਉਹ ਤਾਂ ਸਮਝ ਰਿਹਾ ਸੀ ਕਿ ਕਾਮ-ਰੇਡ ਦਾ ਉਪਦੇਸ਼ ਹੀ ਐਸਾ ਹੈ ਕਿ ਹਰ ਬੰਦਾ ਉਸ ਦੇ ਭਾਸ਼ਨ ਦਾ ਕਾਇਲ ਹੋ ਸਕਦਾ ਸੀ। ਆਪਣੀ ਦਲੀਲ ਨਾਲ਼ ਕਾਮਰੇਡ ਅਸੰਭਵ ਗੱਲ ਨੂੰ ਸੰਭਵ ਬਣਾਉਣ ਦੀ ਸਮਰੱਥਾ ਰੱਖਦਾ ਸੀ। ਉਸ ਨੂੰ ਇਹ ਨਹੀਂ ਪਤਾ ਸੀ ਕਿ ਇਸ ਕੰਮ ਵਿਚ ਕਾਮਰੇਡ ਨੇ ਆਪਣੇ 'ਪ੍ਰੇਮ' ਦੀ ਬਲੀ ਦਿੱਤੀ ਸੀ ਅਤੇ ਆਪਣੀ ਮਾਸ਼ੂਕ ਮੋਨੀਕਾ ਨੂੰ ਅੱਗੇ ਕੀਤਾ ਸੀ!

ਅਜੇ ਉਹ ਬਾਹਰ ਹੀ ਨਿਕਲ਼ੇ ਸਨ ਕਿ ਉਹਨਾਂ ਨੂੰ ਅਕਰਮ ਮਿਲ਼ ਪਿਆ।

-"ਸੱਸਰੀਕਾਲ ਭਾਈ ਜਾਨ..!" ਉਸ ਨੇ ਹੱਥ ਜੋੜ ਕੇ ਕਿਹਾ।

-"ਸਤਿ ਸ੍ਰੀ ਅਕਾਲ ਅਕਰਮ ਮੀਆਂ..! ਕੀ ਹਾਲੇ ਚਾਲੇ ਨੇ..?"

-"ਤੁਸੀਂ ਕੋਈ ਖ਼ਬਰ ਨਹੀਂ ਸੁਣੀਂ ਕਾਮਰੇਡ ਭਾਈ ਜਾਨ..?" ਉਹ ਹੱਕਾ ਬੱਕਾ ਹੋਇਆ ਪੁੱਛ ਰਿਹਾ ਸੀ।

-"ਕਾਹਦੀ..? ਖ਼ਬਰਾਂ ਤਾਂ ਆਉਂਦੀਆਂ ਈ ਰਹਿੰਦੀਆਂ ਨੇ..!" ਕਾਮਰੇਡ ਬੋਲਿਆ।

-"ਅਮਨ ਵੜੈਚ ਦੀ..!"

-"ਵੜੈਚ ਦੀ...? ਨਹੀਂ..! ਕੀ ਗੱਲ ਐ..?"

-"ਉਸ ਨੂੰ ਤੁਸਾਂ ਦੀ ਪੰਜਾਬ ਪੁਲੀਸ ਨੇ ਮਾਰ ਘੱਤਿਆ ਈ..!" ਆਖ ਕੇ ਅਕਰਮ ਨੇ ਉਹਨਾਂ ਨੂੰ ਅਚੰਭੇ ਵਿਚ ਪਾ ਦਿੱਤਾ।

-"ਵੜੈਚ ਇੰਡੀਆ ਚਲਿਆ ਗਿਆ ਸੀ..?" ਕਾਮਰੇਡ ਨੂੰ ਪਤਾ ਨਹੀਂ ਸੀ।

-"ਮੈਨੂੰ ਤਾਂ ਆਪ ਨਹੀਂ ਸੀ ਪਤਾ..!"

-"ਪਰ ਅਕਰਮ ਮੀਆਂ ਤੈਨੂੰ ਕਿੱਥੋਂ ਪਤਾ ਲੱਗਿਆ..?"

-"ਮੈਂ ਗੁਰੂਦੁਆਰੇ ਕੋਲ਼ ਦੀ ਲੰਘਿਆ ਪਿਆ ਆ ਰਿਹਾ ਸਾਂ - ਤੇ ਕੁਝ ਜਣੇਂ ਗੱਲ ਪਏ ਕਰਦੇ ਸਨ..! ਇਹ ਤਾਂ ਖ਼ਬਰ ਅਖ਼ਬਾਰ ਵਿਚ ਵੀ ਛਪੀ ਜੇ ਭਾਈ ਜਾਨ!"

-"ਬਹੁਤ ਬੁਰਾ ਹੋਇਆ...!"

-"ਬੁਰੇ ਵਰਗਾ ਬੁਰਾ..? ਮਾਂ ਪਿਉ ਪਤਾ ਨ੍ਹੀ ਕਿਵੇਂ ਦੁੱਖੜਿਆਂ ਨਾਲ਼ ਪੁੱਤ ਪਾਲ਼ਦੇ ਐ - ਤੇ ਆਹ ਦੇਖਲਾ ਮਿੰਟ 'ਚ ਖ਼ਤਮ ਕਰਤਾ!"

ਉਹ ਪਤਾ ਕਰਨ ਲਈ ਗੁਰਦੁਆਰੇ ਨੂੰ ਤੁਰ ਪਏ।

ਗੁਰਦੁਆਰੇ ਦੇ ਹਰ ਖੂੰਜੇ ਵਿਚ ਵੜੈਚ ਦੀ ਗੱਲ ਹੀ ਹੋ ਰਹੀ ਸੀ।

-"ਕੀ ਗੱਲ ਹੋ ਗਈ ਪ੍ਰਧਾਨ ਜੀ..? ਵੜੈਚ ਬਾਰੇ ਪਤਾ ਚੱਲਿਆ ਸੀ..!" ਕਾਮਰੇਡ ਨੇ ਪੁੱਛਿਆ।

-"ਕਾਮਰੇਡ ਜੀ ਅਖ਼ਬਾਰ ਤਾਂ ਇਹ ਈ ਦੱਸਦੇ ਐ ਬਈ ਵੜੈਚ ਇੱਥੋਂ ਪੈਸਾ ਲੈ ਕੇ ਗਿਆ ਸੀ ਤੇ ਪੁਲ਼ਸ ਨੂੰ ਪੈ ਗਈ ਭਿਣਕ..! ਤੇ ਬੱਸ ਪੈਸੇ ਅਗਲਿਆਂ ਨੇ ਹੱਥ 'ਚ ਕਰ ਲਏ ਤੇ ਮੁੰਡਾ ਪਾਰ ਬੁਲਾ ਦਿੱਤਾ..!" ਪ੍ਰਧਾਨ ਨੇ ਅੱਤ ਸੰਖੇਪ ਦੱਸਿਆ।

ਉਦਾਸ ਹੋਇਆ ਕਾਮਰੇਡ ਭਾਨ ਸਿੰਘ ਨਾਲ਼ ਘਰ ਨੂੰ ਤੁਰ ਪਿਆ!

ਬਾਕੀ ਸਫ਼ਾ 37 'ਤੇ →